# ਤੁਹਾਡੀ ਕ੍ਰੈਡਿਟ (ਕਰਜ਼ੇ) ਸਬੰਧੀ ਰਿਪੋਰਟ



ਇੱਕ ਚੰਗੀ ਕ੍ਰੈਡਿਟ ਰਿਪੋਰਟ ਅਤੇ ਕ੍ਰੈਡਿਟ ਸਕੋਰ ਇਹ ਪਤਾ ਲਗਾਉਣ ਵਿਚ ਅਹਿਮ ਕਾਰਕ ਹਨ ਕਿ ਤੁਹਾਨੂੰ ਕਰਜ਼ਾ ਲੈਣ ਦੀ ਪ੍ਰਵਾਨਗੀ ਮਿਲੇਗੀ ਜਾਂ ਨਹੀਂ। ਇਥੇ ਕੁਝ ਅਸਾਨ ਜਿਹੇ ਤਰੀਕੇ ਦਿੱਤੇ ਗਏ ਹਨ, ਜਿਹਨਾਂ ਨਾਲ ਤੁਸੀਂ ਇੱਕ ਚੰਗਾ ਕ੍ਰੈਡਿਟ ਪਿਛੋਕੜ ਬਣਾਈ ਰੱਖ ਸਕਦੇ ਹੋ – ਅਤੇ ਤੁਹਾਨੂੰ ਕਰਜ਼ੇ ਲਈ ਮਨਜ਼ੂਰੀ ਮਿਲਣ ਦੀ ਸੰਭਾਵਨਾ ਵਧਾ ਸਕਦੇ ਹੋ।

## ਕ੍ਰੈਡਿਟ ਸਕੋਰ ਗਣਨਾ ਕੀ ਹੈ?

ਤੁਹਾਡਾ ਕ੍ਰੈਡਿਟ ਸਕੋਰ ਇੱਕ ਨੰਬਰ ਆਂਕੜਾ ਹੈ, ਜੋ ਇੱਕ ਵਿਸ਼ੇਸ਼ ਸਮੇਂ 'ਤੇ ਤੁਹਾਡੀ ਮਾਲੀ ਹਾਲਤ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ। ਇਹ ਤੁਹਾਡੇ ਮਾਲੀ ਪਿਛੋਕੜ, ਅਤੇ ਤੁਸੀਂ ਆਪਣੇ ਬਿੱਲਾਂ ਅਤੇ ਕਰਜ਼ਿਆਂ ਦਾ ਭੁਗਤਾਨ ਹਮੇਸ਼ਾ ਕਿਵੇਂ ਕਰਦੇ ਹੋ, ਬਾਰੇ ਵੀ ਦੱਸਦਾ ਹੈ। ਇਹ, ਮੌਰਗੇਜ ਲਈ ਤੁਹਾਡੀ ਯੋਗਤਾ ਬਾਰੇ ਮੌਰਗੇਜ ਪੇਸ਼ੇਵਰਾਂ ਵਲੋਂ ਵਿਚਾਰੇ ਜਾਣ ਵਾਲੇ ਕਾਰਕਾਂ ਵਿਚੋਂ ਇੱਕ ਹੈ।

## ਆਪਣੇ ਕ੍ਰੈਡਿਟ ਸਕੋਰ ਦਾ ਪਤਾ ਕਿਵੇਂ ਲਗਾਉਣਾ ਹੈ

ਆਪਣੇ ਕ੍ਰੈਡਿਟ ਸਕੋਰ ਦਾ ਪਤਾ ਲਗਾਉਣ ਲਈ, ਕੈਨੇਡਾ ਦੀਆਂ ਦੋ ਕ੍ਰੈਡਿਟ-ਰਿਪੋਰਟਿੰਗ ਏਜੰਸੀਆਂ ਨਾਲ ਸੰਪਰਕ ਕਰੋ: www.equifax.ca 'ਤੇ **Equifax Canada** ਅਤੇ www.transunion.ca 'ਤੇ **TransUnion Canada**.

ਫ਼ੀਸ ਲੈਕੇ, ਇਹ ਏਜੰਸੀਆਂ ਤੁਹਾਨੂੰ ਤੁਹਾਡੇ ਕ੍ਰੈਡਿਟ ਸਕੋਰ ਦੇ ਨਾਲ ਨਾਲ ਕ੍ਰੈਡਿਟ ਰਿਪੋਰਟ – ਤੁਹਾਡੇ ਕ੍ਰੈਡਿਟ ਪਿਛੋਕੜ ਦਾ ਵੇਰਵੇ ਵਾਲਾ ਸਾਰ, ਨੌਕਰੀਦਾਤਾ ਦਾ ਪਿਛੋਕੜ ਅਤੇ ਫ਼ਾਈਲ ਵਿਚਲੀ ਵਿਅਕਤੀਗਤ ਮਾਲੀ ਜਾਣਕਾਰੀ ਦੀ ਆਨਲਾਈਨ ਕਾਪੀ ਉਪਲਬਧ ਕਰਾਉਣਗੀਆਂ। ਤੁਸੀਂ ਡਾਕ ਰਾਹੀਂ ਆਪਣੀ ਕ੍ਰੈਡਿਟ ਰਿਪੋਰਟ ਦੀ ਇੱਕ ਮੁਫ਼ਤ ਕਾਪੀ ਵੀ ਪ੍ਰਾਪਤ ਕਰ ਸਕਦੇ ਹੋ। ਜੇ ਤੁਹਾਨੂੰ ਆਪਣੀ ਰਿਪੋਰਟ ਵਿਚ ਕੋਈ ਗ਼ਲਤੀ ਮਿਲਦੀ ਹੈ, ਤਾਂ ਫ਼ੌਰਨ ਕ੍ਰੈਡਿਟ-ਰਿਪੋਰਟਿੰਗ ਏਜੰਸੀ ਅਤੇ ਗ਼ਲਤੀ ਕਰਨ ਲਈ ਜ਼ਿੰਮੇਵਾਰ ਸੰਸਥਾ ਨੂੰ ਦੱਸੋ।

## ਜੇ ਤੁਹਾਡਾ ਕ੍ਰੈਡਿਟ ਸਕੋਰ ਨਹੀਂ ਹੈ

ਇਹ ਜ਼ਰੂਰੀ ਹੈ ਕਿ ਜਿੰਨੀ ਛੇਤੀ ਹੋ ਸਕੇ, ਕ੍ਰੈਡਿਟ ਪਿਛੋਕੜ ਬਣਾਉਣਾ ਸ਼ੁਰੂ ਕਰੋ। ਤੁਸੀਂ ਇਸਦੀ ਸ਼ੁਰੂਆਤ – ਇੱਕ ਕ੍ਰੈਡਿਟ ਕਾਰਡ ਲਈ ਅਰਜ਼ੀ ਦੇ ਕੇ ਅਤੇ – ਜ਼ਿੰਮੇਵਾਰੀ ਨਾਲ ਇਸਦੀ ਵਰਤੋਂ ਕਰਕੇ ਕਰ ਸਕਦੇ ਹੋ। ਤੁਹਾਡਾ ਮਾਲੀ ਅਦਾਰਾ ਜਾਂ ਮੌਰਗੇਜ ਪੇਸ਼ੇਵਰ ਮਦਦ ਕਰ ਸਕਦਾ ਹੈ।

## ਆਪਣੇ ਕ੍ਰੈਡਿਟ ਸਕੋਰ ਨੂੰ ਕਿਵੇਂ ਵਧਾਉਣਾ ਹੈ

ਕ੍ਰੈਡਿਟ ਦਾ ਪ੍ਰਬੰਧ ਕਰਨ ਦੀ ਤੁਹਾਡੀ ਸਮਰੱਥਾ ਨੂੰ ਦਰਸਾਉਣ ਦੀ ਕੁੰਜੀ ਇੱਕ ਚੰਗਾ ਕ੍ਰੈਡਿਟ ਸਕੋਰ ਬਣਾਈ ਰੱਖਣਾ ਹੈ। ਇਥੇ ਕੁਝ ਇੱਕ ਚੀਜ਼ਾਂ ਹਨ, ਜਿਹਨਾਂ ਨਾਲ ਤੁਸੀਂ ਆਪਣੇ ਕ੍ਰੈਡਿਟ ਸਕੋਰ ਵਿਚ ਵਾਧਾ ਕਰ ਸਕਦੇ ਹੋ। ਇਹਨਾਂ ਵਿਚ ਸ਼ਾਮਿਲ ਹਨ:

- ਆਪਣੇ ਬਿੱਲਾਂ ਦਾ ਹਮੇਸ਼ਾ ਪੂਰਾ ਅਤੇ ਸਮੇਂ ਸਿਰ ਭੁਗਤਾਨ ਕਰੋ। ਜੇ ਤੁਸੀਂ ਪੂਰੀ ਰਕਮ ਦਾ ਭੁਗਤਾਨ ਨਹੀਂ ਕਰ ਸਕਦੇ, ਤਾਂ ਘੱਟੋ-ਘੱਟ ਤੁਹਾਡੀ ਮਾਹਵਾਰੀ ਸਟੇਟਮੈਂਟ ਵਿਚ ਦਰਸਾਈ ਗਈ ਘੱਟ ਤੋਂ ਘੱਟ ਲੋੜੀਂਦੀ ਰਕਮ ਦਾ ਭੁਗਤਾਨ ਕਰਨ ਦੀ ਕੋਸ਼ਿਸ਼ ਕਰੋ।
- ਆਪਣੇ ਕਰਜ਼ਿਆਂ ਦਾ (ਜਿਵੇਂ ਕਿ ਕਰਜ਼ੇ, ਕ੍ਰੈਡਿਟ ਕਾਰਡ, ਲਾਈਨ ਆੱਫ਼ ਕ੍ਰੈਡਿਟ ਆਦਿ) ਜਿੰਨੀ ਛੇਤੀ ਸੰਭਵ ਹੋ ਸਕੇ, ਭੁਗਤਾਨ ਕਰੋ।
- ਤੁਹਾਡੇ ਕ੍ਰੈਡਿਟ ਕਾਰਡਾਂ ਤੇ ਦਿੱਤੀ ਸੀਮਾ ਤੋਂ ਵੱਧ ਨਾ ਖ਼ਰਚੋ, ਅਤੇ ਆਪਣੇ ਬਕਾਇਆਂ ਨੂੰ ਸੀਮਾ ਤੋਂ ਚੋਖਾ ਹੇਠਾਂ ਰਖਣ ਦੀ ਕੋਸ਼ਿਸ਼ ਕਰੋ।
- ਕ੍ਰੈਡਿਟ ਕਾਰਡ ਦੀ ਗਿਣਤੀ ਜਾਂ ਤੁਹਾਡੇ ਵਲੋਂ ਦਿੱਤੀਆਂ ਗਈਆਂ ਕਰਜ਼ੇ ਦੀਆਂ ਅਰਜ਼ੀਆਂ ਘਟਾਉ।

67476 08-08-11 Your Credit Report (Punjabi version)

ਇੱਕ ਵਾਰੀ ਤੁਹਾਡੇ ਕ੍ਰੈਡਿਟ ਸਕੋਰ ਵਿਚ ਵਾਧਾ ਹੁੰਦਿਆਂ ਹੀ, ਆਪਣਾ ਲੋੜੀਂਦਾ ਮੌਰਗੇਜ ਹਾਸਲ ਕਰਨ ਲਈ ਆਪਣੇ ਮੌਰਗੇਜ ਪੇਸ਼ੇਵਰ ਨਾਲ ਕੰਮ ਕਰੋ।

## ਹੋਰ ਪਤਾ ਲਗਾਉ

ਕ੍ਰੈਡਿਟ ਸਕੋਰਾਂ ਅਤੇ ਰਿਪੋਰਟਾਂ ਬਾਰੇ ਹੋਰ ਪਤਾ ਲਾਉਣ ਲਈ, Financial Consumer Agency of Canada ਦੀ ਵੈਬਸਾਈਟ 'ਤੇ ਜਾਉ ਅਤੇ ਆਪਣੀ ਕ੍ਰੈਡਿਟ ਰਿਪੋਰਟ ਅਤੇ ਕ੍ਰੈਡਿਟ ਸਕੋਰ ਨੂੰ ਸਮਝਣ Understanding Your Credit Report and Credit Score ਬਾਰੇ ਉਹਨਾਂ ਦੀ ਗਾਈਡ ਨੂੰ ਡਾਊਨਲੋਡ ਕਰੋ ਜਾਂ ਇਸਦੀ ਇੱਕ ਮੁਫ਼ਤ ਕਾਪੀ ਲਈ ਬੇਨਤੀ ਕਰੋ। ਇਹ ਗਾਈਡ, ਆਪਣੀ ਕ੍ਰੈਡਿਟ ਰਿਪੋਰਟ ਅਤੇ ਸਕੋਰ ਕਿਵੇਂ ਹਾਸਲ ਕਰੋ ਅਤੇ ਸਮਝੋ ਦੇ ਨਾਲ-ਨਾਲ ਇਕ ਚੰਗੇ ਕ੍ਰੈਡਿਟ ਪਿਛੋਕੜ ਨੂੰ ਕਿਵੇਂ ਬਣਾਉ ਅਤੇ ਬਰਕਰਾਰ ਰੱਖੋ, ਬਾਰੇ ਵਿਹਾਰਕ, ਸਿੱਧੀ-ਸਪਸ਼ਟ ਜਾਣਕਾਰੀ ਮੁਹਈਆ ਕਰਦੀ ਹੈ।

ਹੋਰ ਜਾਣਕਾਰੀ ਲਈ ਜਾਂ ਕੈਨੇਡਾ ਵਿਚ ਇਕ ਘਰ ਕਿਰਾਏ 'ਤੇ ਲੈਣ, ਖ਼ਰੀਦਣ ਅਤੇ ਨਵੀਂ ਨੁਹਾਰ ਦੇਣ ਦੇ ਹੋਰਨਾਂ ਪਹਿਲੂਆਂ ਬਾਰੇ ਦਸਤਾਵੇਜ਼ੀ ਨਕਲਾਂ, ਮੁਫ਼ਤ ਹਾਸਲ ਕਰਨ ਲਈ **www.cmhc.ca/newcomers** 'ਤੇ ਜਾਉ। 65 ਸਾਲਾਂ ਤੋਂ ਵੱਧ ਸਮੇਂ ਤੋਂ Canada Mortgage and Housing Corporation (CMHC), ਕੈਨੇਡਾ ਦੀ ਰਾਸ਼ਟਰੀ ਹਾਉਸਿੰਗ ਏਜੰਸੀ ਰਹੀ ਹੈ ਅਤੇ ਨਿਰਪੱਖ, ਭਰੋਸੇਯੋਗ ਹਾਊਸਿੰਗ ਮੁਹਾਰਤ ਦਾ ਸ੍ਰੋਤ ਹੈ।